Volume 5
Issue 22

# KHALSA PRIMARY SCHOOL

Headteacher: Ms P. K. Sehmi

## Week beginning: 03 March 2014

### Year 1 Phonics Screening Check



Your child will be taking part in the Year 1 Phonics Screening Check during this June. It is important that you support your child so that he/she is ready for the screening process. A meeting has been arranged to inform you about the assessment process. The meeting will take place on **Thursday 6th March at 8.50am.** Please make every effort to attend to support your child's education. Please tick against your child's name on the list in the school office to confirm your attendance. If for any reason you cannot attend the Phonics meeting please make sure you let the school office staff know.

### Parents' Meetings

On **Tuesday 11th and Thursday 13th March from 2.30pm to 5.00pm**, there will be an opportunity for you to meet with your child's teacher and discuss progress made by your child. Teachers will discuss targets that have been set for your child. Please sign up on the sheets in the classrooms (Nursery, Reception & Year 1) or reception area (Years 2-4) for a suitable time for you. **Note: school will finish at normal time of 3.20pm on these days.**

### Year 4 Swimming

We would like to remind year 4 parents that the children have started going to *Botwell Leisure Centre*, Hayes from 24th February 2014 onwards. The change of the pool is due to the fact that Heston Swimming Pool has closed for refurbishments. The details of the sessions are as follows;

| Class | Day | Timings |
|---|---|---|
| Mrs Jatana's class | Wednesdays | 10.30am to 11.00am |
| Miss Jutla's class | Thursdays | 11.00am to 11.30am |

Swimming lessons will continue until the end of the summer term, July 2014.

### Class Assemblies

Please see dates below of all the assemblies this half term. We welcome parents & governors to come and watch the children performing. Assemblies start at **8.50am**. Please be on time.

| Class | Date |
|---|---|
| Yr3 Guru Ram Das Ji Class (Miss Birk) | Friday 14th March |
| Yr3 Guru Amar Das Ji Class (Mrs Kaur) | Friday 21st March |
| Yr2 Guru Nanak Dev Ji Class (Mrs Lagah) | Friday 28th March |
| Yr2 Guru Angad Dev Ji Class (Mr Formella) | Friday 4th April |

### Dates for your diary



| Date | Event |
|---|---|
| **Thursday 6th March** | **Yr 1 Phonics meeting for parents** |
| Tuesday 11th &Thursday 13th March | Parents' Meetings |
| Friday 14th March | Reception Trip - London Zoo |
| Friday 14th March | Red Nose Day |
| Tuesday 18th March | Coffee Morning - Health & Safety / Safeguarding |
| Friday 27th March | Yr4 Trip - Hampton Court Palace |
| Friday 4th April | End of spring term |

### Year 4 - Rugby match



On Wednesday 26th February some Year 4 children competed against Three Bridges Primary School in a Rugby match. The score for both schools, girls and boys, resulted in a draw. We are so proud of the children as they played so well. Well done!

### Sainsbury's Active Kids—Tokens

We're taking part in Sainsbury's Active Kids 2014, and we hope to get some fantastic new cooking and active equipment, and experiences. We've already got our hopes on some exciting items so need a big team effort. Please hand in your vouchers to the school now!

### Red Nose Day

On **Friday 14th March** we will be raising money for Red Nose day. Children will be allowed to wear their own clothes. We would like all staff and children to wear one item of **red clothing** and donate a minimum of £1.

### Literacy Week



We will be having a Literacy week on the week beginning 17th March 201. During this week, we will celebrate World book day and children will be encouraged to dress up as their favourite book character and bring their favourite book to school on the day. We will provide you with more information shortly.

### Book Club

Before the half term break, we gave out a brochure of books that you are able to purchase at discounted prices for your child through the school. If you would like to purchase any books, please complete the form at the back of the brochure and return with the correct money to the school office by **Wed 5 March.**

### Thought of the week

**"Always desire to learn something new & useful."**

### ATTENDANCE



Well done to **Sahibzada Fateh Singh Ji's & Guru Angad Dev Ji's Class** for achieving best attendance for week ending **28/02/2014.**

### GOLDEN RULES

This week's Golden Rule is **'Working Hard'.**

Children who were awarded for **Remembering God** for week ending **28/02/2014:**







**Year 4:**
Guru Hargobind Sahib Ji - Miraj
Guru Arjan Dev Ji - Gevindjyot
**Year 3:**
Guru Ram Das Ji - Hardev
Guru Amar Das Ji - Pawandeep
**Year 2:**
Guru Nanak Dev Ji - Jasleen
Guru Angad Dev Ji - Sukhneet
**Year 1:**
Sahibzada Ajit Singh Ji - Harjodh
Sahibzada Jujhar Singh Ji - Govinder
**Reception:**
Sahibzada Fateh Singh Ji - Darshpal
Sahibzada Zorawar Singh Ji - Karanveer

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੦੩ ਮਾਰਚ ੨੦੧੪

ਵਾਲਿਓਮ ੫, ਇਸ਼ੂ ੨੨

### ਪਹਿਲੀ ਜਮਾਤ ਦੇ ਧੁਨੀ ਸ਼ਾਸਤਰ ਦੀ ਪ੍ਰੀਖਿਆ (ਫੋਨਿਕਸ ਚੈੱਕ)




ਇਸ ਸਾਲ ਤੁਹਾਡੇ ਬੱਚੇ ਪਹਿਲੀ ਜਮਾਤ ਦੇ ਧੁਨੀ ਸ਼ਾਸਤਰ ਦੀ ਪ੍ਰੀਖਿਆ (ਫੋਨਿਕਸ ਚੈੱਕ) ਵਿਚ ਭਾਗ ਲੈਣਗੇ। ਇਹ ਬੜਾ ਮਹਤਵਪੂਰਨ ਹੈ ਕਿ ਤੁਸੀਂ ਆਪਣੇ ਬੱਚੇ ਦੀ ਇਸ ਪ੍ਰੀਖਿਆ ਦੀ ਤਿਆਰੀ ਵਿਚ ਪੂਰੀ ਮਦਦ ਕਰੋ। ਤੁਹਾਨੂੰ ਇਸ ਪ੍ਰੀਖਿਆ ਦੀ ਮੁਲਾਂਪਣ ਪ੍ਰਕਿਰਿਆ (ਅਸੈਸਮੇਂਟ ਪ੍ਰੋਸੈਸ) ਬਾਰੇ ਜਾਣਕਾਰੀ ਦੇਣ ਲਈ ਇਕ ਮੁਲਾਕਾਤ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਮੁਲਾਕਾਤ ਵੀਰਵਾਰ ੬ ਮਾਰਚ ਨੂੰ ਸਵੇਰੇ ੮.੫੦ ਤੇ ਰੱਖੀ ਗਈ ਹੈ। ਆਪਣੇ ਬੱਚੇ ਦੀ ਸਿਖਿਆ ਦੇ ਵਿਕਾਸ ਵਿਚ ਸਹਿਯੋਗ ਦੇਣ ਲਈ ਇਸ ਮੁਲਾਕਾਤ ਵਿਚ ਹਾਜ਼ਰੀ ਭਰਨ ਦਾ ਹਰ ਸੰਭਵ ਯਤਨ ਕਰਨਾ ਜੀ। ਆਪਣੀ ਹਾਜ਼ਰੀ ਯਕੀਨੀ ਬਣਾਉਣ ਵਾਸਤੇ ਸਕੂਲ ਦਫ਼ਤਰ ਵਿਚ ਆਪਣੇ ਬੱਚੇ ਦੇ ਨਾਂ ਅੱਗੇ ਸਹੀ ਦਾ ਨਿਸ਼ਾਨ ਲਗਾਉਣਾ ਜੀ। ਜੇਕਰ ਕਿਸੇ ਨਾ ਟਾਲੇ ਜਾ ਸਕਣ ਵਾਲੇ ਕਾਰਨ ਕਰਕੇ ਆਪ ਜੀ ਇਸ ਮੁਲਾਕਾਤ ਵਿਚ ਸ਼ਾਮਿਲ ਨਹੀਂ ਹੋ ਸਕਦੇ ਤਾਂ ਕਿਰਪਾ ਕਰਕੇ ਸਕੂਲ ਦਫ਼ਤਰ ਨੂੰ ਸੂਚਿਤ ਕਰਨਾ ਜੀ।

### ਮਾਪਿਆਂ ਦੀ ਮੁਲਾਕਾਤ

ਮੰਗਲਵਾਰ ੧੧ ਅਤੇ ਵੀਰਵਾਰ ੧੩ ਮਾਰਚ ਨੂੰ ਦੁਪਿਹਰ ੨.੩੦ ਤੋਂ ੫.੦੦ ਵਜੇ ਤੱਕ ਤੁਹਾਨੂੰ ਆਪਣੇ ਬੱਚੇ ਦੇ ਅਧਿਆਪਕ ਨੂੰ ਮਿਲ ਕੇ ਉਸ ਦੇ ਵਿਕਾਸ ਬਾਰੇ ਵਿਚਾਰ ਕਰਨ ਦਾ ਮੌਕਾ ਦਿੱਤਾ ਜਾਵੇਗਾ। ਤੁਹਾਡੇ ਬੱਚੇ ਦੇ ਲਈ ਨਿਸਚਿਤ ਕੀਤੇ ਵਿਸ਼ੇਸ਼ ਟੀਚੇ (ਟਾਰਗੇਟਸ) ਵੀ ਆਪ ਜੀ ਨਾਲ ਸਾਂਝੇ ਕੀਤੇ ਜਾਣਗੇ। ਤੁਸੀਂ ਕਿਰਪਾ ਕਰਕੇ ਢੁਕਵੇਂ ਸਮੇਂ ਅੱਗੇ ਦਸਤਖ਼ਤ ਕਰਨੇ ਜੀ। ਨਰਸਰੀ, ਰਿਸੈਪਸ਼ਨ ਅਤੇ ਪਹਿਲੀ ਜਮਾਤ ਜਮਾਤੀ ਕਮਰਿਆਂ ਵਿਚ ਅਤੇ ਦੂਜੀ ਤੋਂ ਚੌਥੀ ਜਮਾਤ ਸਕੂਲ ਦੇ ਰਿਸੈਪਸ਼ਨ ਵਿਚ ਲੱਗੀ ਸ਼ੀਟ ਤੇ ਦਸਤਖ਼ਤ ਕਰ ਸਕਦੇ ਹਨ ਜੀ। **ਨੋਟ: ਸਕੂਲ ਰੋਜ਼ ਵਾਂਗ ੩.੨੦ ਤੇ ਖ਼ਤਮ ਹੋਵੇਗਾ।**

### ਚੌਥੀ ਜਮਾਤ ਦੀ ਤੈਰਾਕੀ

ਅਸੀਂ ਤੁਹਾਨੂੰ ਯਾਦ ਕਰਵਾਉਣਾ ਚਾਹੁੰਦੇ ਹਾਂ ਕਿ ਚੌਥੀ ਜਮਾਤ ਦੇ ਬੱਚੇ ੨੪ ਫਰਵਰੀ ੨੦੧੪ ਤੋਂ ਬੋਟਵੈੱਲ ਲੇਨ ਦੇ ਤਰਨਤਾਲ ਵਿਚ ਜਾ ਰਹੇ ਹਨ ਕਿਉਂਕਿ ਹੈਸਟਨ ਦਾ ਪੂਲ ਸਾਫ਼ ਸਫ਼ਾਈ ਅਤੇ ਸਜਾਵਟ ਲਈ ੧੪ ਫਰਵਰੀ ਤੋਂ ਬੰਦ ਕੀਤਾ ਗਿਆ ਹੈ। ਸੈਸ਼ਨ ਦਾ ਵਿਸਤਾਰ ਇਸ ਪ੍ਰਕਾਰ ਹੈ:

| ਜਮਾਤ | ਦਿਨ | ਸਮਾਂ |
|---|---|---|
| ਮਿਸਿਜ਼ ਜਟਾਨਾ ਦੀ ਜਮਾਤ | ਬੁੱਧਵਾਰ | ੧੦.੩੦-੧੧.੦੦ |
| ਮਿਸ ਜਟਲਾ ਦੀ ਜਮਾਤ | ਵੀਰਵਾਰ | ੧੧.੦੦-੧੧.੩੦ |

ਤੈਰਾਕੀ ਦੇ ਇਹ ਸੈਸ਼ਨ ਗਰਮੀਆਂ ਦੀ ਟਰਮ ਦੇ ਅੰਤ ਜੁਲਾਈ ੨੦੧੪ ਤੱਕ ਚਲਣਗੇ ।

### ਜਮਾਤੀ ਸਭਾਵਾਂ

ਇਸ ਹਾਫ਼ ਟਰਮ ਵਿਚ ਸਾਰੀਆਂ ਜਮਾਤਾਂ ਸਵੇਰ ਦੀ ਸਭਾ ਕਰਨਗੀਆਂ। ਅਸੀਂ ਬਚਿੱਆਂ, ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਇਨ੍ਹਾਂ ਸਭਾਵਾਂ ਵਿਚ ਆਪਣੇ ਬਚਿੱਆਂ ਦੀਆਂ ਪੇਸ਼ਕਾਰੀਆਂ ਦਾ ਅਨੰਦ ਲੈਣ ਲਈ ਜੀ ਆਇਆਂ ਆਖਦੇ ਹਾਂ। ਕਿਰਪਾ ਕਰਕੇ ਹੇਠਾਂ ਦਿੱਤੀ ਸਾਰਣੀ ਵਿਚ ਆਪਣੇ ਬੱਚੇ ਦੀ ਪੇਸ਼ਕਾਰੀ ਦਾ ਦਿਨ ਵੇਖਣਾ ਜੀ। ਸਭਾ ਸਵੇਰੇ ੮.੫੦ ਤੇ ਅਰੰਭ ਹੋਵੇਗੀ। ਸਮੇਂ ਸਿਰ ਪੁਜਣ ਦੀ ਕਿਰਪਾ ਕਰਨੀ ਜੀ।

| **ਜਮਾਤ** | **ਤਾਰੀਖ਼** |
|---|---|
| ਤੀਜੀ ਜਮਾਤ-ਗੁਰੂ ਰਾਮਦਾਸ ਜੀ-ਮਿਸ ਬਰਕ | ਸ਼ੁਕਰਵਾਰ ੧੪ ਮਾਰਚ |
| ਤੀਜੀ ਜਮਾਤ-ਗੁਰੂ ਅਮਰਦਾਸ ਜੀ-ਮਿਸਿਜ਼ ਕੌਰ | ਸ਼ੁਕਰਵਾਰ ੨੧ ਮਾਰਚ |
| ਦੂਜੀ ਜਮਾਤ-ਗੁਰੂ ਨਾਨਕ ਦੇਵ ਜੀ-ਮਿਸਿਜ਼ ਲਗਾਹ | ਸ਼ੁਕਰਵਾਰ ੨੮ ਮਾਰਚ |
| ਦੂਜੀ ਜਮਾਤ-ਗੁਰੂ ਅੰਗਦ ਦੇਵ ਜੀ-ਮਿਸਟਰ ਫੌਰਮੇਲਾ | ਸ਼ੁਕਰਵਾਰ ੦੪ ਅਪਰੈਲ |

### ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| **ਵੀਰਵਾਰ ੬ ਮਾਰਚ** | **ਪਹਿਲੀ ਜਮਾਤ ਦੀ ਫੋਨਿਕਸ ਮੁਲਾਕਾਤ** |
| ਮੰਗਲਵਾਰ ੧੧ ਅਤੇ ਵੀਰਵਾਰ ੧੩ ਮਾਰਚ | ਮਾਪਿਆਂ ਦੀ ਮੁਲਾਕਾਤ |
| ਸ਼ੁਕਰਵਾਰ ੧੪ ਮਾਰਚ | ਰਿਸੈਪਸ਼ਨ ਦੀ ਸੈਰ-ਲੰਡਨ ਜ਼ੂ |
| ਸ਼ਨਿਚਰਵਾਰ ੧੫ ਮਾਰਚ | ਰੈਡ ਨੋਜ਼ ਡੇ |
| ਮੰਗਲਵਾਰ ੧੮ ਮਾਰਚ | ਕਾਫੀ ਸਵੇਰ-ਸਿਹਤ ਅਤੇ ਸੁਰਖਿਆ/ਰਖਿਆ ਲਈ ਬਚਾਅ ਪ੍ਰਬੰਧ |
| ਸ਼ੁਕਰਵਾਰ ੨੨ ਮਾਰਚ | ਚੌਥੀ ਜਮਾਤ ਦਾ ਟਰਿਪ-ਹੈਂਪਟਨ ਕੋਰਟ ਦਾ ਮਹਿਲ |
| ਸ਼ੁਕਰਵਾਰ ੦੪ ਅਪਰੈਲ | ਸਪਰਿੰਗ ਟਰਮ ਦਾ ਅੰਤ |

### ਚੌਥੀ ਜਮਾਤ ਦਾ ਰਗਬੀ ਮੈਚ



ਬੁੱਧਵਾਰ ੨੬ ਫਰਵਰੀ ਨੂੰ ਸਾਡੇ ਸਕੂਲ ਦੇ ਚੌਥੀ ਜਮਾਤ ਦੇ ਕੁਝ ਬਚਿੱਆਂ ਨੇ ਬ੍ਰੀ ਬਰਿਜਿਜ਼ ਪ੍ਰਾਇਮਰੀ ਸਕੂਲ ਨਾਲ ਇਕ ਦੋਸਤਾਨਾ ਰਗਬੀ ਮੈਚ ਖੇਡਿਆ। ਲੜਕਿਆਂ ਅਤੇ ਲੜਕੀਆਂ ਦੇ ਇਹ ਦੋਵੇਂ ਮਹਤਵਪੂਰਨ ਮੈਚਾਂ ਦਾ ਨਤੀਜਾ ਡਰਾਅ ਰਿਹਾ। ਇਸ ਮੈਚ ਵਿਚ ਖੇਡ ਦੀ ਭਾਵਨਾ ਨਾਲ ਚੰਗੀ ਤਰ੍ਹਾਂ ਖੇਡਣ ਵਾਲੇ ਸਭ ਬਚਿੱਆਂ ਉੱਤੇ ਸਾਨੂੰ ਬੜਾ ਮਾਣ ਹੈ। ਸ਼ਾਬਾਸ਼।

### ਸੇਂਜ਼ਬਰੀ ਐਕਟਿਵ ਕਿਡਜ਼ -ਟੋਕਨ

Active Kids

ਅਸੀਂ ਸੇਂਜ਼ਬਰੀ ਐਕਟਿਵ ਕਿਡਜ਼ ੨੦੧੪ ਵਿਚ ਭਾਗ ਲੈ ਰਹੇ ਹਾਂ। ਅਸੀਂ ਭੋਜਨ ਬਣਾਉਣ ਦਾ ਕੁਝ ਸਾਮਾਨ ਇਸ ਰਾਹੀਂ ਪ੍ਰਾਪਤ ਕਰਨ ਦੇ ਆਸਵੰਦ ਹਾਂ। ਸਾਡੀ ਨਜ਼ਰ ਪਹਿਲਾਂ ਹੀ ਕੁਝ ਆਕਰਸ਼ਕ ਵਸਤਾਂ ਉੱਤੇ ਹੈ ਸੋ ਸਾਨੂੰ ਟੀਮ ਵਜੋਂ ਯਤਨ ਕਰਨ ਦੀ ਜ਼ਰੂਰੀ ਲੋੜ ਹੈ। ਤੁਸੀਂ ਹੁਣੇ ਹੀ ਆਪਣੇ ਵੌਚਰ ਸਕੂਲ ਵਿਚ ਜਮ੍ਹਾਂ ਕਰਵਾਓ ਜੀ!

### ਲਾਲ ਨੱਕ ਦਿਵਸ

ਸ਼ੁਕਰਵਾਰ ੧੪ ਮਾਰਚ ਨੂੰ ਅਸੀਂ ਲਾਲ ਨੱਕ ਦਿਵਸ ਲਈ ਧਨ ਇਕਤਰ ਕਰਾਂਗੇ। ਬਚਿੱਆਂ ਨੂੰ ਇਸ ਦਿਨ ਆਪਣੇ ਕਪੜੇ ਪਹਿਨਣ ਦੀ ਆਗਿਆ ਹੋਵੇਗੀ। ਅਸੀਂ ਚਾਹਾਂਗੇ ਕਿ ਇਸ ਦਿਨ ਸਭ ਬੱਚੇ ਅਤੇ ਅਧਿਆਪਕ ਕੋਈ ਇਕ ਚੀਜ਼ ਲਾਲ ਪਹਿਨ ਕੇ ਆਉਣ ਅਤੇ ੧ ਪਾਊਂਡ ਦਾਨ ਕਰਨ।

RED NOSE DAY

### ਸਾਖਰਤਾ ਹਫ਼ਤਾ



੧੭ ਮਾਰਚ ੨੦੧੪ ਨੂੰ ਅਰੰਭ ਹੁੰਦੇ ਹਫ਼ਤੇ ਤੋਂ ਅਸੀਂ ਸਾਖਰਤਾ ਹਫ਼ਤਾ ਮਨਾਵਾਂਗੇ। ਇਸ ਹਫ਼ਤੇ ਦੌਰਾਨ ਅਸੀਂ ਵਿਸ਼ਵ ਪੁਸਤਕ ਦਿਵਸ ਮਨਾਵਾਂਗੇ। ਅਸੀਂ ਬਚਿੱਆਂ ਨੂੰ ਉਤਸਾਹਿਤ ਕਰਾਂਗੇ ਕਿ ਉਹ ਆਪਣੇ ਪਸੰਦੀਦਾ ਪੁਸਤਕ ਪਾਤਰ ਵਜੋਂ ਸਜ ਕੇ ਆਉਣ ਅਤੇ ਆਪਣੀ ਪਸੰਦੀਦਾ ਪੁਸਤਕ ਸਕੂਲ ਆਪਣੇ ਨਾਲ ਲਿਆਉਣ। ਅਸੀਂ ਜਲਦੀ ਹੀ ਆਪ ਜੀ ਨੂੰ ਹੋਰ ਵਧੇਰੇ ਜਾਣਕਾਰੀ ਦਿਆਂਗੇ।

### ਪੁਸਤਕ ਕਲੱਬ

SCHOLASTIC BOOK CLUBS

ਹਾਫ਼ ਟਰਮ ਦੀਆਂ ਛੁਟੀਆਂ ਤੋਂ ਪਹਿਲਾਂ ਅਸੀਂ ਤੁਹਾਨੂੰ ਇਕ ਬਰੋਸ਼ਰ ਦਿੱਤਾ ਸੀ ਜਿਸ ਰਾਹੀਂ ਤੁਸੀਂ ਆਪਣੇ ਬੱਚੇ ਲਈ ਸਕੂਲ ਦੁਆਰਾ ਘੱਟ ਕੀਮਤ ਉੱਤੇ ਪੁਸਤਕਾਂ ਖਰੀਦ ਸਕਦੇ ਹੋ। ਜੇਕਰ ਤੁਸੀਂ ਕੁਝ ਪੁਸਤਕਾਂ ਖਰੀਦਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਬਰੋਸ਼ਰ ਦੇ ਪਿਛਲੇ ਪਾਸੇ ਛਪੇ ਫਾਰਮ ਨੂੰ ਭਰ ਕੇ ਸਹੀ ਧਨ ਸਮੇਤ ਬੁੱਧਵਾਰ ੫ ਮਾਰਚ ਤੱਕ ਸਕੂਲ ਦਫ਼ਤਰ ਵਿਚ ਪੁੱਜਦਾ ਕਰਨਾ ਜੀ।

### ਇਸ ਹਫ਼ਤੇ ਦਾ ਵਿਚਾਰ

**"ਕੁਝ ਨਵਾਂ ਅਤੇ ਲਾਭਦਾਇਕ ਸਦਾ ਸਿਖਦੇ ਰਹੋ।"**

### ਹਾਜ਼ਰੀ



੨੪/੦੨/੨੦੧੪ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਅਤੇ ਗੁਰੂ ਅੰਗਦ ਦੇਵ ਜੀ ਜਮਾਤਾਂ** ਨੂੰ ਸ਼ਾਬਾਸ਼ ਹੈ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਕਰਤ ਕਰਨੀ** ਹੈ। ਬੱਚੇ ਜਿਨ੍ਹਾਂ ਨੂੰ ੨੪/੦੨/੨੦੧੪ ਨੂੰ ਸਮਾਪਤ ਹੋਏ ਹਫ਼ਤੇ **ਨਾਮ ਜਪਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:







**ਚੌਥੀ ਜਮਾਤ:**
ਗੁਰੂ ਹਰਗੋਬਿੰਦ ਸਾਹਿਬ ਜੀ – ਮਿਰਾਜ
ਗੁਰੂ ਅਰਜਨ ਦੇਵ ਜੀ – ਗੈਵਿਨਜੋਤ
**ਤੀਜੀ ਜਮਾਤ:**
ਗੁਰੂ ਰਾਮਦਾਸ ਜੀ – ਹਰਦੇਵ
ਗੁਰੂ ਅਮਰਦਾਸ ਜੀ – ਪਵਨਦੀਪ
**ਦੂਜੀ ਜਮਾਤ:**
ਗੁਰੂ ਨਾਨਕ ਦੇਵ ਜੀ – ਜਸਲੀਨ
ਗੁਰੂ ਅੰਗਦ ਦੇਵ ਜੀ – ਸੁਖਨੀਤ
**ਪਹਿਲੀ ਜਮਾਤ:**
ਸਾਹਿਬਜ਼ਾਦਾ ਅਜੀਤ ਸਿੰਘ ਜੀ ਜਮਾਤ – ਹਰਜੋਧ
ਸਾਹਿਬਜ਼ਾਦਾ ਜੁਝਾਰ ਸਿੰਘ ਜੀ ਜਮਾਤ – ਗੋਵਿੰਦਰ
**ਰਿਸੈਪਸ਼ਨ**
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ – ਦਰਸ਼ਪਾਲ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ – ਕਰਨਵੀਰ

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk